ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030210
Available online at: www.armaan.org.in
DOI: https://doi.org/10.64119/armaan.vol.3.issue2.10

# 'KATHA KAHO URVASHI' NAVAL VICHLE DARSHNIK SAROKARAN DA SAMAJ SABHYACHARK PRIPEKH

# 'ਕਥਾ ਕਹੋ ਉਰਵਸ਼ੀ' ਨਾਵਲ ਵਿਚਲੇ ਦਾਰਸ਼ਨਿਕ ਸਰੋਕਾਰਾਂ ਦਾ ਸਮਾਜ ਸਭਿਆਚਾਰਕ ਪਰਿਪੇਖ

**ਡਾ. ਸੰਦੀਪ ਕੌਰ** (Dr. Sandeep Kaur)

**ਅਸਿਸਟੈਂਟ ਪ੍ਰੋਫੈਸਰ** (Assistant Professor)

**ਖਾਲਸਾ ਕਾਲਜ, ਅੰਮ੍ਰਿਤਸਰ (ਪੰਜਾਬ)।**

Email ID: sandeep1615kaur@gmail.com **ਮੋਬਾਈਲ**: +91-83608-11984

**ਸਾਰ (Abstract)**

*'ਕਥਾ ਕਹੋ ਉਰਵਸ਼ੀ' ਨਾਵਲ ਦਾਰਸ਼ਨਿਕ ਸਰੋਕਾਰਾਂ ਦੀ ਵਿਆਖਿਆ ਸਮਾਜ ਸਭਿਆਚਾਰਕ ਪਰਿਪੇਖ ਵਿਚ ਕਰਦਾ ਹੈ। ਨਾਵਲ ਵਿਚ ਜੀਵਨ ਨਾਲ ਜੁੜੇ ਸੁਆਲਾਂ ਨੂੰ ਸਮਾਜ, ਦਰਸ਼ਨ ਤੇ ਸਭਿਆਚਾਰ ਦੇ ਪ੍ਰਸੰਗ ਵਿਚ ਪੜਚੋਲਿਆ ਗਿਆ ਹੈ। ਜੀਵਨ ਵਿਚ ਮਨੁੱਖ ਅਨੇਕ ਘਟਨਾਵਾਂ, ਵਸਤਾਂ ਅਤੇ ਵਰਤਾਰਿਆਂ ਨਾਲ ਜੂਝਦਾ ਹੈ। ਇਹ ਵਰਤਾਰੇ ਮਨੁੱਖ ਦੀ ਸਮਝ ਤੋਂ ਪਰੇ ਵੀ ਹੋ ਸਕਦੇ ਹਨ। ਮਨੁੱਖ ਜਨਮ,ਮੌਤ,ਸੱਚ,ਕਰਮ,ਧਰਮ ਦੀ ਪ੍ਰਕਿਰਤੀ ਨੂੰ ਹਰ ਕਾਲ ਵਿਚ ਨਿਰਧਾਰਤ ਕਰਨ ਦਾ ਦਾਅਵਾ ਕਰਦਾ ਹੈ ਪਰ ਉਹ ਇਹਨਾਂ ਦਾ ਸਟੀਕ ਉੱਤਰ ਲੱਭਣ ਵਿਚ ਹਮੇਸ਼ਾ ਨਾ-ਕਾਮਯਾਬ ਰਿਹਾ ਹੈ। ਨਾਵਲ ਵਿਚ ਇਹਨਾਂ ਸੰਕਲਪਾਂ ਦੀ ਵਿਆਖਿਆ ਪੰਜਾਬੀ ਸਮਾਜ ਤੇ ਸਭਿਆਚਾਰ ਦੇ ਪ੍ਰਸੰਗ ਵਿਚ ਹੋਈ ਹੈ। ਇਸ ਪੇਪਰ ਵਿਚ ਜੀਵਨ ਤੇ ਮੌਤ ਦੇ ਸੰਕਲਪਾਂ ਦੀ ਵਿਹਾਰਕ ਰੂਪ ਵਿਚ ਮਹੱਤਤਾ ਨੂੰ ਨਾਵਲ ਦੇ ਪ੍ਰਸੰਗ ਵਿਚ ਵਾਚਿਆ ਗਿਆ ਹੈ। ਨਾਵਲ ਵਿਚ ਮੌਤ ਦੀ ਭਿਅੰਕਰਤਾ ਨੂੰ ਪੇਸ਼ ਕੀਤਾ ਹੈ। ਮੌਤ ਕਾਰਨ ਸਮਾਜਿਕ ਰਿਸ਼ਤਿਆਂ ਵਿਚ ਉਪਜੀ ਪੀੜਾ ਦਾ ਦੁਖਾਂਤ ਨਾਵਲ ਸਿਰਜਦਾ ਹੈ।*

***ਕੀਵਰਡ (Keyword): ਦਰਸ਼ਨ, ਸਮਾਜ, ਸਭਿਆਚਾਰ, ਜੀਵਨ, ਮੌਤ, ਸਰੋਕਾਰ।***

ਸਮੁੱਚੇ ਜੀਵਾਂ ਵਿਚੋਂ ਮਨੁੱਖ ਨੂੰ ਪਰਮ ਮਨੁੱਖ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮਨੁੱਖ ਨੇ ਆਪਣੀ ਬੌਧਿਕਤਾ ਨਾਲ ਕਈ ਪ੍ਰਾਪਤੀਆਂ ਕੀਤੀਆਂ। ਇਹ ਪ੍ਰਾਪਤੀਆਂ ਕੇਵਲ ਸਥੂਲ ਰੂਪ ਵਿਚ ਨਹੀਂ ਸੀਮਤ ਬਲਕਿ ਸੂਖਮ ਰੂਪ ਵਿਚ ਇਹ ਪ੍ਰਾਪਤੀਆਂ ਰਹੱਸਵਾਦ ਸੰਕਲਪ ਅਧੀਨ ਵਿਚਾਰੀਆਂ ਜਾਂਦੀਆਂ ਹਨ। ਮਨੁੱਖ ਨੇ ਆਦਿ ਕਾਲ ਵਿਚ ਸਭ ਤੋਂ ਪਹਿਲਾਂ ਇਕ ਜਗ੍ਹਾਂ ਤੇ ਟਿਕ ਕੇ ਪਸ਼ੂ-ਪਾਲਣ ਅਤੇ ਖੇਤੀਬਾੜੀ ਕਰਨੀ ਸ਼ੁਰੂ ਕੀਤੀ। ਉਸ ਉਪਰੰਤ ਉਸ ਨੇ ਪਹੀਏ, ਅੱਗ, ਕੱਪੜੇ, ਪੱਥਰ, ਹਥਿਆਰ ਆਦਿ ਕਈ ਕਾਢਾਂ ਕੀਤੀਆਂ। ਇਹ ਸਾਰੀਆਂ ਸਿਰਜਨਾਵਾਂ ਉਸ ਨੇ ਜੀਵਨ ਨੂੰ ਆਸਾਨ ਬਣਾਉਣ ਲਈ ਕੀਤੀਆਂ। ਇਸ ਤੋਂ ਬਿਨਾਂ ਭਾਸ਼ਾ ਦੀ ਸਿਰਜਣਾ, ਪੱਥਰ, ਮਿੱਟੀ, ਰੰਗਾਂ ਤੋਂ ਆਕਰਤੀਆਂ ਬਣਾਉਣਾ ਉਸ ਦੀ ਕਲਾਤਮਿਕ ਸੁਹਜ ਨੂੰ ਤ੍ਰਿਪਤ ਕਰਦੀਆਂ ਸਿਰਜਨਾਵਾਂ ਹਨ। ਉਸ ਤੋਂ ਬਾਅਦ ਮਨੁੱਖ ਨੇ ਸਭਿਅਕ ਜੀਵਨ ਜਿਉਣ ਲਈ ਦਰਸ਼ਨ, ਸਮਾਜ, ਸਭਿਆਚਾਰ, ਸਾਹਿਤ ਦੀ ਸਿਰਜਣਾ ਕਰਕੇ ਬੌਧਿਕ ਸਿਖਰਾਂ ਨੂੰ ਛੂਹਿਆ। ਦਰਸ਼ਨ,ਸਮਾਜ ਅਤੇ ਸਭਿਆਚਾਰ ਅੰਤਰ-ਸੰਬੰਧਤ ਵਰਤਾਰੇ ਹਨ। ਸਮਾਜ ਤੇ ਸਭਿਆਚਾਰ ਦੀ ਸਿਰਜਣਾ ਦਰਸ਼ਨ ਤੋਂ ਬਿਨਾਂ ਅਸੰਭਵ ਹੈ। ਦੂਸਰਾ ਪਹਿਲੂ ਕਿ ਸਮਾਜ, ਸਭਿਆਚਾਰ ਤੇ ਦਰਸ਼ਨ ਦੀ ਸਿਰਜਣਾ ਮਨੁੱਖ ਨੇ ਕੀਤੀ ਹੈ। ਮਨੁੱਖ ਨੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਇਹਨਾਂ ਅਨੁਸ਼ਾਸਨਾਂ ਨੂੰ ਸਿਰਜਿਆ ਹੈ। ਇਹ ਸਿਰਜਣਾ ਮਨੁੱਖ ਦੀ ਗਿਆਨਾਤਮਕ ਪਹੁੰਚ ਨੂੰ ਤ੍ਰਿਪਤ ਕਰਦੀ ਹੈ। ਮਨੁੱਖ ਖੁਸ਼ਹਾਲ ਤੇ ਉੱਤਮ ਜੀਵਨ ਜਿਉਣ ਲਈ ਇਹਨਾਂ ਸੰਸਥਾਵਾਂ ਦੀ ਸਥਾਪਨਾ ਕਰਦਾ ਹੈ। ਇਹ ਸੰਸਥਾਵਾਂ ਮਨੁੱਖ ਦੇ ਜੀਵਨ ਨੂੰ ਮਾਰਗ ਪ੍ਰਦਾਨ ਕਰਦੀਆਂ ਹਨ। ਹਰ ਦੇਸ਼ ਦਾ ਆਪਣਾ ਸਮਾਜ ਸਭਿਆਚਾਰਕ ਢਾਂਚਾ ਹੁੰਦਾ ਹੈ। ਇਸ ਢਾਚੇਂ ਨੂੰ ਵਿਭਿੰਨ ਦਾਰਸ਼ਨਿਕ ਵਿਚਾਰਧਾਰਾਵਾਂ ਕਾਰਜਸ਼ੀਲਤਾ ਪ੍ਰਦਾਨ ਕਰਦੀਆਂ ਹਨ।

ਦਰਸ਼ਨ ਵਿਆਪਕ ਵਰਤਾਰਾ/ਅਨੁਸ਼ਾਸਨ ਹੈ। ਇਸ ਦੀ ਵਿਆਪਕਤਾ ਦਾ ਕਾਰਨ ਚਿੰਤਨਮਈ ਪ੍ਰਵਿਰਤੀ ਅਧੀਨ ਵਿਸ਼ਿਆਂ ਦੀ ਅਸੀਮਤਾ ਹੈ। ਵੱਖ-ਵੱਖ ਅਨੁਸ਼ਾਸਨ ਆਪਣੇ ਵਿਸ਼ੇ ਦੀ ਸੀਮਾ ਵਿਚ ਕਾਰਜਸ਼ੀਲ ਰਹਿੰਦੇ ਹਨ। ਮਸਲਨ ਵਿਗਿਆਨ ਕੇਵਲ ਤੱਤਾਂ ਦੇ ਅਧਿਐਨ ਤੇ ਅਧਾਰਿਤ ਸਿੱਟਿਆਂ ਨੂੰ ਅੰਤਿਮ ਸੱਚ ਘੋਸ਼ਿਤ ਕਰਦਾ ਹੈ, ਖ਼ੁਗੋਲ, ਭੂਗੋਲ ਵਿਗਿਆਨੀ, ਬਨਸਪਤੀ, ਪੁਰਾਤਤਵ ਵਿਗਿਆਨੀਆਂ ਆਦਿ ਦਾ ਚਿੰਤਨ ਖੇਤਰ ਨਿਸ਼ਚਤ ਹੁੰਦਾ ਹੈ ਜਦਕਿ ਦਰਸ਼ਨ ਤਾਂ ਮਨੁੱਖ ਦੇ ਬਾਹਰੀ, ਅਸਤਿਤਵ ਕਿਰਦਾਰ ਤੋਂ ਲੈ ਕੇ ਸਮਾਜ, ਸਭਿਆਚਾਰਕ,

 Received: 13 May 2025 Accepted: 05 June 2025 Published: 13 June 2025

ਪ੍ਰਕਿਰਤੀ, ਨਛੱਤਰ, ਖ਼ੁਗੋਲ, ਭੂਗੋਲ, ਪਦਾਰਥ, ਨੈਤਿਕਤਾ, ਜੀਵਨ-ਜਾਚ, ਰੂਹਾਨੀਅਤ, ਜਾਦੂ ਚਿੰਤਨ, ਭੌਤਿਕ ਵਰਤਾਰੇ, ਕਾਲਪਨਿਕ ਸੰਕਲਪ, ਸਰੀਰ ਵਿਗਿਆਨ, ਬਨਸਪਤੀ ਆਦਿ ਹਰ ਇਕ ਖੇਤਰ ਦੀ ਦਾਰਸ਼ਨਿਕ ਵਿਆਖਿਆ ਕਰਦਾ ਹੈ। ਵਿਸ਼ਵ ਦੀ ਹਰ ਦਰਸ਼ਨ ਪ੍ਰਣਾਲੀ ਭਾਵੇਂ ਭਾਰਤੀ ਹੋਵੇ, ਯੂਨਾਨੀ ਹੋਵੇ, ਇਸਲਾਮੀ ਜਾਂ ਪੱਛਮੀ ਹੋਵੇ ਇਨ੍ਹਾਂ ਦਾ ਮਨੋਰਥ ਗਿਆਨ ਦੀ ਖੋਜ ਕਰਨਾ ਹੈ। ਦਰਸ਼ਨ ਦੇ ਇਤਿਹਾਸ ਵਿਚ ਭਾਰਤੀ ਦਰਸ਼ਨ ਦੀ ਆਪਣੀ ਇਕ ਵੱਖਰੀ ਤੇ ਵਿਲੱਖਣ ਪਛਾਣ ਹੈ। ਧਰਤੀ ਦੇ ਹੇਠਲੇ ਜੀਵਾਂ ਦੇ ਮੁਕਾਬਲੇ ਕੇਵਲ ਮਨੁੱਖ ਹੀ ਅਜਿਹਾ ਜੀਵ ਹੈ ਜੋ ਚਿੰਤਨ ਕਰਨ ਦੇ ਸਮਰੱਥ ਹੈ। ਯੂਨਾਨ ਦੇ ਚਿੰਤਕ ਅਰਸਤੂ ਨੇ ਪਸ਼ੂਆਂ ਤੇ ਮਨੁੱਖ ਵਿਚਕਾਰ ਅੰਤਰ ਦਰਸਾਉਂਦਿਆਂ ਕਿਹਾ ਕਿ

*'ਮਨੁੱਖ ਇਕ ਚਿੰਤਕ ਪਸ਼ੂ ਹੈ।'* [1]

ਭਾਵ ਇਹ ਹੈ ਕਿ ਮਨੁੱਖ ਹੀ ਹੈ ਜੋ ਜੀਵਨ ਦੀਆਂ ਸਮੱਸਿਆਵਾਂ ਦਾ ਹੱਲ ਲੱਭ ਸਕਦਾ ਹੈ। ਮਨੁੱਖ ਵਿਚ ਸੰਵੇਦਨਾ, ਸੋਚ, ਭਾਵਨਾ, ਜਗਿਆਸਾ, ਹੈਰਾਨੀ, ਕਲਪਨਾ ਵਰਗੇ ਗੁਣ ਵਿਦਮਾਨ ਹਨ। ਇੰਝ ਕਹਿ ਲਿਆ ਜਾਵੇ ਕੇ ਇਨ੍ਹਾਂ ਗੁਣਾਂ/ ਸ਼ਕਤੀਆਂ ਕਾਰਨ ਹੀ ਫ਼ਲਸਫ਼ੇ, ਵਿਗਿਆਨ, ਸਭਿਅਤਾਵਾਂ ਦਾ ਜਨਮ ਤੇ ਵਿਕਾਸ ਹੋਇਆ ਹੈ।

ਸਮਾਜ ਮਨੁੱਖ ਦੇ ਸਮੂਹ ਨੂੰ ਕਿਹਾ ਜਾਂਦਾ ਹੈ। ਸਮਾਜ ਨਿਰੰਤਰ ਸਮਾਜਿਕ ਵਰਤੋਂ ਵਿਹਾਰ ਵਿਚ ਸ਼ਾਮਲ ਵਿਅਕਤੀਆਂ ਦਾ ਇਕ ਸਮੂਹ ਹੈ। ਸਮਾਜ ਦੀ ਹੋਂਦ ਮਨੁੱਖ ਕਰਕੇ ਹੈ। ਮਨੁੱਖ ਸਮਾਜ ਦੇ ਕੇਂਦਰ ਵਿਚ ਰਹਿੰਦਾ ਹੈ। ਸਮਾਜ ਦਾ ਵਿਕਾਸ ਮਨੁੱਖ ਦੇ ਕਰਮ ਤੇ ਨਿਰਭਰ ਹੈ। ਸਮਾਜ ਵਿਚ ਕਈ ਸੰਸਥਾਵਾਂ ਕਾਰਜਸ਼ੀਲ ਹੁੰਦੀਆਂ ਹਨ। ਇਹ ਸੰਸਥਾਵਾਂ ਮਨੁੱਖ ਦੇ ਜੀਵਨ ਨੂੰ ਸੁਖਾਲਾ ਬਣਾਉਦੀਆਂ ਹਨ। ਪੰਜਾਬੀ ਸਮਾਜ ਦੀ ਪ੍ਰਮੁੱਖ ਵਿਸ਼ੇਸ਼ਤਾ ਸਭਿਆਚਾਰਕ ਸਾਂਝ ਅਤੇ ਅਪਣੱਤ ਹੈ। ਸਮਾਜ ਨੂੰ ਸੇਧ ਪ੍ਰਦਾਨ ਕਰਨਾ ਵੀ ਅਵੱਸ਼ ਹੈ। ਇਸ ਦਾ ਕਾਰਨ ਹੈ ਕਿ ਮਨੁੱਖ ਨੂੰ ਪ੍ਰੇਰਨਾ ਦੀ ਹਰ ਕਾਲ ਵਿਚ ਲੋੜ ਹੁੰਦੀ ਹੈ। ਇਹ ਲੋੜ ਉਸ ਨੂੰ ਸਿਰਜਨਾਤਮਿਕ ਬਣਾਉਂਦੀ ਹੈ। ਮਨੁੱਖ ਸਮੂਹ ਵਿਚ ਰਹਿੰਦਾ ਹੈ ਤੇ ਸਮੂਹ ਵਿਚ ਰਹਿਣ ਵਾਲਾ ਮਨੁੱਖ ਵਿਅਕਤੀਗਤ ਭਿੰਨਤਾਵਾਂ ਰੱਖਦਾ ਹੈ। ਇਹਨਾਂ ਵਿਅਕਤਗਤ ਭਿੰਨਤਾਵਾਂ ਨੂੰ ਸਾਰਥਕ ਸੇਧ ਦੇਣਾ ਬਹੁਤ ਜ਼ਰੂਰੀ ਹੈ। ਪੰਜਾਬੀ ਸਮਾਜ ਦਾ ਆਪਣਾ ਵਿਸ਼ੇਸ਼ ਸਭਿਆਚਾਰ ਹੈ। ਪੰਜਾਬੀ ਸਭਿਆਚਾਰ ਨੂੰ ਅਮੀਰ ਹੋਣ ਦਾ ਮਾਣ ਪ੍ਰਾਪਤ ਹੈ। ਇਹ ਮਾਣ ਵਿਭੰਨਤਾ ਕਰਕੇ ਹੈ। ਕੋਈ ਵੀ ਸਮਾਜ ਅਤੇ ਸਭਿਆਚਾਰ ਦੂਸਰੇ ਸਮਾਜ ਸਭਿਆਚਾਰ ਤੋਂ ਕੁਝ ਵਿਸ਼ੇਸ ਭਿੰਨਤਾਵਾਂ ਕਰਕੇ ਹੀ ਵਿਲੱਖਣ ਤੇ ਅਮੀਰ ਹੋਣ ਦਾ ਮਾਣ ਪ੍ਰਾਪਤ ਕਰਦਾ ਹੈ। ਸਮਾਜ ਨੂੰ ਕਾਰਜਸ਼ੀਲਤਾ ਪ੍ਰਦਾਨ ਕਰਨ ਦਾ ਕਾਰਜ ਦਰਸ਼ਨ ਕਰਦਾ ਹੈ। ਦਰਸ਼ਨ ਗਿਆਨ ਨਾਲ ਪ੍ਰਣਾਇਆ ਵਰਤਾਰਾ ਹੈ। ਗਿਆਨ ਮਨੁੱਖ ਲਈ ਹਰ ਕਾਲ ਵਿਚ ਉਪਕਾਰੀ ਹੁੰਦਾ ਹੈ। ਸਮਾਜ ਨੂੰ ਚੰਗਾ ਦਰਸ਼ਨ ਹੀ ਸੇਧ ਦੇ ਸਕਦਾ ਹੈ।

ਸਭਿਆਚਾਰ ਮਨੁੱਖੀ ਆਚਾਰ ਤੇ ਵਿਹਾਰ ਨਾਲ ਪ੍ਰਣਾਇਆ ਅਨੁਸ਼ਾਸਨ ਹੈ। ਇਹ ਮਨੁੱਖ ਨੂੰ ਜੀਵਨ-ਜਾਚ ਸਿਖਾਉਂਦਾ ਹੈ। ਮਨੁੱਖ ਦੇ ਵਿਹਾਰਕ ਕਰਮ ਨਾਲ ਇਸ ਦਾ ਵਾਸਤਾ ਹੈ। ਸਭਿਆਚਾਰ ਦਾ ਵਿਸ਼ੇਸ਼ ਦਰਸ਼ਨ ਹੈ। ਇਹ ਦਰਸ਼ਨ ਮਨੁੱਖ ਨੂੰ ਜੀਵਨ ਸੇਧ ਪ੍ਰਦਾਨ ਕਰਦਾ ਹੈ। ਮਨੁੱਖੀ ਸਮਾਜ ਵਿੱਚ ਸਭਿਆਚਾਰ ਸੁਲਝੇ ਵਤੀਰੇ ਦੇ ਅਰਥਾਂ ਤੋਂ ਲੈ ਕੇ ਸਮੁੱਚੇ ਵਤੀਰੇ ਦੇ ਅਰਥਾਂ ਤਕ ਅਨੇਕਾਂ ਸੰਦਰਭਾਂ ਵਿੱਚ ਪ੍ਰਯੋਗ ਹੁੰਦਾ ਹੈ। ਸਭਿਆਚਾਰ ਦੀ ਉਤਪਤੀ ਬਾਰੇ ਕਈ ਵਿਚਾਰਧਾਰਾਫਾ ਤੇ ਫਲਸਫੇ ਮਿਲਦੇ ਹਨ। ਵਿਗਿਆਨਕ ਭੌਤਿਕਵਾਦ ਅਨੁਸਾਰ ਪ੍ਰਕਿਰਤੀ ਦੇ ਨਿਰੰਤਰ ਗਤੀਸ਼ੀਲ ਅਮਲ ਦੌਰਾਨ ਹੀ ਮਨੁੱਖ ਅਤੇ ਉਸ ਦੀਆਂ ਸਰੀਰਕ ਅਤੇ ਸਮਾਜਕ ਖਾਸੀਅਤਾਂ ਹੋਂਦ ਵਿਚ ਆਈਆਂ ਹਨ। ਇਨ੍ਹਾਂ ਖਾਸੀਅਤਾਂ ਕਾਰਨ ਹੀ ਮਨੁੱਖ ਨੇ ਹਰ ਖੇਤਰ ਵਿਚ ਵਿਕਾਸ ਕੀਤਾ ਹੈ। ਗਿਆਨ ਇੰਦਰੀਆਂ ਦੇ ਪਦਾਰਥਕ ਜਗਤ ਨਾਲ ਸੰਪਰਕ ਦੌਰਾਨ ਮਨੁੱਖੀ ਚੇਤਨਾ ਦਾ ਆਰੰਭ ਹੁੰਦਾ ਹੈ। ਇਸ ਚੇਤਨਾ ਦੇ ਸਹਾਰੇ ਜਿਵੇਂ-ਜਿਵੇਂ ਮਨੁੱਖ ਪਦਾਰਥਕ ਜਗਤ ਦੇ ਵਿਹਾਰਕ ਖੇਤਰ ਵਿਚ ਅੱਗੇ ਵੱਧਦਾ ਹੈ ਉਵੇਂ ਉਵੇਂ ਹੀ ਉਸ ਦਾ ਗਿਆਨ ਵੀ ਵਿਸ਼ਾਲ ਹੁੰਦਾ ਜਾਂਦਾ ਹੈ। ਗਿਆਨ ਦੇ ਸਹਾਰੇ ਹੀ ਮਨੁੱਖ ਪ੍ਰਕਿਰਤੀ ਨੂੰ ਸਮਝ ਕੇ ਉਸ ਉਪਰ ਕਾਬਜ਼ ਹੋ ਸਕਿਆ ਹੈ। ਮਨੁੱਖ ਤੇ ਪ੍ਰਕਿਰਤੀ ਵਿਚਲਾ ਸੰਘਰਸ਼ ਲੰਮੇ ਸਮੇਂ ਤੋਂ ਚੱਲ ਰਿਹਾ ਹੈ। ਮਨੁੱਖ ਨੇ ਪ੍ਰਕਿਰਤਕ ਭੇਤਾਂ ਨੂੰ ਜਾਣਨ ਲਈ ਗਿਆਨ ਪਰੰਪਰਾਵਾਂ ਦੀ ਸਿਰਜਣਾ ਵਿਚ ਸ਼ਮੂਲੀਅਤ ਕੀਤੀ। ਜੀਤ ਸਿੰਘ ਜੋਸ਼ੀ ਅਨੁਸਾਰ,

> *"ਭਾਸ਼ਾ, ਸਾਹਿਤ, ਕਲਾ, ਧਰਮ, ਦਰਸ਼ਨ, ਰਾਜਨੀਤੀ ਅਤੇ ਵਿਗਿਆਨ ਆਦਿ ਅਸਲ ਵਿਚ ਮਨੁੱਖ ਦੇ ਸਭਿਆਚਾਰਕ ਪ੍ਰਗਟਾਅ ਦੇ ਹੀ ਪੱਖ ਹਨ। ਇਹ ਅਨੁਸ਼ਾਸਨ ਬੇਸ਼ਕ ਪਰਸਪਰ ਸੰਬੰਧਤ ਹਨ। ਮਨੁੱਖ ਨਾਲ ਸੰਬੰਧਤ ਕਾਰਜਾਂ ਦੀ ਇਕ ਹੋਰ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਕਿਸੇ ਇਕੋ ਖੇਤਰ ਨਾਲ ਸੰਬੰਧਤ ਵੱਖ-ਵੱਖ ਮਨੁੱਖਾਂ ਦੇ ਕਾਰਜਾਂ ਅਤੇ ਉਨ੍ਹਾਂ ਤੋਂ ਪ੍ਰਾਪਤ ਹੋਣ ਵਾਲੇ ਸਿੱਟਿਆਂ ਵਿਚ ਵੀ ਪਰਸਪਰ ਵਖਰੇਵਾਂ ਹੁੰਦਾ ਹੈ।"* [2]

ਸਮਾਜ ਸਭਿਆਚਾਰ ਅਸਲ ਵਿਚ ਦਰਸ਼ਨ ਦੀ ਕਾਰਜ-ਭੂਮੀ ਹੈ। ਦਰਸ਼ਨ ਜਾਂ ਫਿਲਾਸਫੀ ਅਜਿਹਾ ਅਨੁਸ਼ਾਸਨ ਹੈ, ਜਿਸ ਵਿੱਚ ਜੀਵਨ ਦੇ ਗਹਿਰ ਗੰਭੀਰ ਮਸਲੇ ਵਿਚਾਰੇ ਜਾਂਦੇ ਹਨ। ਬ੍ਰਹਮ,ਸ੍ਰਿਸ਼ਟੀ,ਆਤਮਾ,ਜੀਵ, ਗਿਆਨ ਆਦਿ ਅਜਿਹੇ ਪੱਖ ਹਨ ਜਿਹਨਾਂ ਬਾਰੇ ਦਰਸ਼ਨ ਸ਼ਾਸਤਰ ਵਿਚਾਰ ਕਰਦਾ ਹੈ। ਇਹ ਸੰਕਲਪ ਹਰ ਕਾਲ ਵਿਚ ਚਿੰਤਨ ਦਾ ਵਿਸ਼ਾ ਬਣਦੇ ਹਨ। ਸ੍ਰਿਸ਼ਟੀ ਤੇ ਮਨੁੱਖ

ਦੀ ਉਤਪਤੀ ਦਾ ਸੁਆਲ ਰਹੱਸ ਬਣਿਆ ਹੋਇਆ ਹੈ। ਭਾਰਤੀ ਸਭਿਆਚਾਰ ਵਿਚ ਧਰਮ,ਅਰਥ,ਕਾਮ, ਮੋਕਸ਼ ਚਾਰ ਸੱਚ ਦਰਸ਼ਨ ਦੇ ਖੇਤਰ ਨਾਲ ਵਾਸਤਾ ਰੱਖਦੇ ਹਨ। ਮਨੁੱਖ ਦਾ ਜੀਵਨ ਇਹਨਾਂ ਇਰਦ-ਗਿਰਦ ਘੁੰਮਦਾ ਹੈ। ਗੁਰਬਾਣੀ ਦਰਸ਼ਨ ਕਿਰਤ,ਨਾਮ ਤੇ ਵਨੰਡ ਛਕਣ ਦੀ ਗੱਲ ਕਰਦਾ ਹੈ। ਪੰਜਾਬੀ ਸਭਿਆਚਾਰ ਦੇ ਪ੍ਰਸੰਗ ਵਿਚ ਗੁਰਮਤਿ ਦਰਸ਼ਨ ਕਾਰਜਸ਼ੀਲ ਰਹਿੰਦਾ ਹੈ। ਸਭਿਆਚਾਰ ਅਤੇ ਦਰਸ਼ਨ ਇਕ ਦੂਜੇ ਤੋਂ ਲਗਾਤਾਰ ਪ੍ਰਭਾਵਿਤ ਵੀ ਹੁੰਦੇ ਹਨ ਤੇ ਮੋੜਵੇਂ ਰੂਪ ਵਿੱਚ ਇਕ ਦੂਜੇ ਨੂੰ ਪ੍ਰਭਾਵਿਤ ਵੀ ਕਰਦੇ ਹਨ। ਇਹਨਾਂ ਦਾ ਸਿਧਾਂਤਕ ਤੇ ਵਿਹਾਰਕ ਖੇਤਰ ਬੇਸ਼ਕ ਬਿਲਕੁਲ ਵੱਖਰਾ ਹੈ ਫਿਰ ਵੀ ਇਹ ਇਕ ਦੂਜੇ ਨੂੰ ਪਰਸਪਰ ਪ੍ਰਭਾਵਿਤ ਕਰਦੇ ਹਨ। ਸਭਿਆਚਾਰ ਤੇ ਦਰਸ਼ਨ ਦਾ ਵਿਸ਼ਾ ਤੇ ਕਾਰਜ-ਭੂਮੀ ਦੀ ਸਾਂਝ ਹੁੰਦੀ ਹੈ। ਹਰ ਦੇਸ਼ ਤੇ ਸਭਿਆਚਾਰ ਦਾ ਆਪਣਾ ਵਿਸ਼ੇਸ਼ ਦਰਸ਼ਨ ਹੁੰਦਾ ਹੈ। ਦਾਰਸ਼ਨਿਕ ਸੱਚਾਈਆਂ ਮਨੁੱਖ ਦੇ ਸਭਿਆਚਾਰਕ ਆਲੇ-ਦੁਆਲੇ ਨੂੰ ਗਿਆਨਮਈ ਬਣਾਉਦੀਆਂ ਹਨ। ਸਭਿਆਚਾਰ ਦੇ ਹਰ ਖੇਤਰ ਵਿਚ ਦਰਸ਼ਨ ਵਿਦਮਾਨ ਹੈ। ਅਖਾਣ, ਮੁਹਾਵਰੇ, ਸੁਹਾਗ, ਜਨਮ,ਮੌਤ ਆਦਿ ਸੰਕਲਪਾਂ ਪਿੱਛੇ ਪੰਜਾਬੀ ਤੇ ਭਾਰਤੀ ਦਰਸ਼ਨ ਪ੍ਰਣਾਲੀਆਂ ਕਾਰਜਸ਼ੀਲ ਹਨ।

ਨਾਵਲੀ ਬਿਰਤਾਂਤ ਨੂੰ ਸਿਰਜਣ ਲਈ ਵਿਸ਼ੇਸ਼ ਸੰਦਰਭ ਅਧੀਨ ਹੀ ਨਾਵਲਕਾਰ ਘਟਨਾਵਾਂ ਨੂੰ ਖ਼ਾਸ ਵਿਉਂਤ ਵਿਚ ਉਸਾਰਦਾ ਹੈ। ਦਲੀਪ ਕੌਰ ਟਿਵਾਣਾ ਇੱਕ ਪੰਜਾਬੀ ਨਾਵਲਕਾਰਾ ਤੇ ਨਿੱਕੀ ਕਹਾਣੀ ਦੀ ਲੇਖਿਕਾ ਸੀ। ਉਸ ਨੇ ਜਿਆਦਾਤਰ ਮਜ਼ਲੂਮ ਔਰਤਾਂ ਦੀ ਮਾਨਸਿਕਤਾ ਅਤੇ ਉਹਨਾਂ ਦੇ ਸਮਾਜ ਵਿੱਚ ਨੀਵੇਂ ਦਰਜੇ ਦੀ ਹਾਲਤ ਬਾਰੇ ਲਿਖਿਆ ਹੈ। ਉਸ ਦੇ ਨਾਵਲਾਂ ਦੀਆਂ ਕੁਝ ਔਰਤਾਂ ਪੜ੍ਹੀਆਂ-ਲਿਖੀਆਂ ਜਾਂ ਆਰਥਿਕ ਤੌਰ 'ਤੇ ਮਜ਼ਬੂਤ ਹੋਣ ਦੇ ਬਾਵਜੂਦ ਵੀ ਮਨੁੱਖਤਾ ਵਿਚ ਬਰਾਬਰੀ ਦਾ ਇਜ਼ਹਾਰ ਨਹੀਂ ਕਰ ਸਕੀਆਂ। ਨਾਵਲਕਾਰਾ ਦਾ ਮਨੋਰਥ ਦਰਸ਼ਨ ਵਿਸ਼ੇਸ਼ ਰਾਹੀਂ ਜੀਵਨ ਦੇ ਕਿਸੇ ਮੁੱਲ ਜਾਂ ਉਸ ਨਾਲ ਜੁੜੇ ਹੋਰ ਸਰੋਕਾਰਾਂ ਨੂੰ ਉਭਾਰਨਾ ਹੈ। 'ਕਥਾ ਕਹੋ ਉਰਵਸ਼ੀ' ਨਾਵਲ ਦਾ ਸਮੁੱਚਾ ਸੰਦਰਭ ਪੰਜਾਬੀ ਸਭਿਆਚਾਰ ਵਿਚ ਰਿਸ਼ਤਿਆਂ ਦੀ ਮਹੱਤਤਾ, ਜੀਵਨ, ਮੌਤ, ਧਰਮ, ਦਰਸ਼ਨ ਤੇ ਗਿਆਨ ਦੀ ਜੀਵਨ ਦੇ ਨਿਰੰਤਰ ਸਫ਼ਰ ਵਿਚ ਮਹੱਤਤਾ ਨੂੰ ਪੇਸ਼ ਕਰਦਾ ਹੈ। ਨਾਵਲਕਾਰਾ ਜੀਵਨ ਦੇ ਮੂਲ ਸਰੋਕਾਰਾਂ (ਜੀਵਨ ਤੇ ਮੌਤ) ਦੀ ਸਤਹੀ ਵਿਆਖਿਆ ਨਹੀਂ ਕਰਦੀ। ਉਹ ਹਰ ਸਰੋਕਾਰ ਦੀ ਦਾਰਸ਼ਨਿਕ ਮਹੱਤਤਾ ਨੂੰ ਉਸਾਰਦੀ ਹੈ। ਗੁਰਮੀਤ ਸਿੰਘ ਬੈਦਵਾਣ ਅਨੁਸਾਰ,

> *"ਕੇਵਲ ਸਭਿਆਚਾਰਕ ਪ੍ਰਸੰਗ ਵੀ ਕਿਸੇ ਸ਼ਬਦ ਨੂੰ ਸਮਝਣ ਲਈ ਕਾਫੀ ਨਹੀਂ ਹੁੰਦਾ ਹੈ। ਅਜਿਹੀ ਸਥਿਤੀ ਵਿਚ ਸਥਿਤੀ ਸੰਦਰਭ ਜ਼ਰੂਰੀ ਹੋ ਜਾਂਦਾ ਹੈ। ਜਦੋਂ ਕਿਸੇ ਚਿੰਨ੍ਹ ਨੂੰ ਵਿਸ਼ੇਸ਼ ਸਥਿਤੀ ਵਿਚ ਵਰਤੋਂ ਵਿਚ ਲਿਆਂਦਾ ਜਾਂਦਾ ਹੈ ਤਾਂ ਉਸਦੇ ਅਰਥ ਵਧੇਰੇ ਸਪਸ਼ਟ ਹੋ ਜਾਂਦੇ ਹਨ। ਇਸ ਤਰ੍ਹਾਂ ਮੈਲੀਨੋਵਸਕੀ ਨੇ ਆਪਣੇ ਮਾਨਵ-ਵਿਗਿਆਨਕ ਸਿਧਾਂਤਾ ਵਿਚ ਸਭਿਆਚਾਰਕ ਪ੍ਰਸੰਗਾਂ ਅਤੇ ਸਥਿਤੀ ਪ੍ਰਸੰਗ ਦੇ ਸੰਕਲਪਾਂ ਨੂੰ ਸਾਹਮਣੇ ਲਿਆਂਦਾ ਹੈ।"*[3]

ਨਾਵਲ ਦੀ ਕਥਾ ਪੰਜਾਬੀ ਸਮਾਜ-ਸਭਿਆਚਾਰ ਵਿਚ ਵਿਚਰਦੇ ਮਨੁੱਖ ਦੀ ਉਸ ਸਥਿਤੀ ਨੂੰ ਪੇਸ਼ ਕਰਦੀ ਹੈ ਜਿਸ ਵਿਚ ਮਨੁੱਖ ਨਿੱਤ ਉਲਝਣਾ ਵਿਚ ਪਿਆ ਵਰਤਾਰਿਆਂ ਦੀ ਹੋਂਦ ਨੂੰ ਸਮਝਣ ਵਿਚ ਅਸਮਰਥ ਨਿਰਾਸ਼ਾਵਾਦੀ ਹੋ ਕੇ ਜੀਵਨ ਦਾ ਅੰਤ ਕਰਦਾ ਹੈ। ਦਲੀਪ ਕੌਰ ਟਿਵਾਣਾ ਇਕ ਮਹਾਨ ਤੇ ਸਮਰੱਥ ਲੇਖਿਕਾ ਹੈ। ਮਹਾਨ ਤੋਂ ਭਾਵ ਜਿਸ ਨੇ ਪ੍ਰਸਿੱਧੀ ਜਾਂ ਨਾਮਣਾ ਖੱਟਿਆ ਹੋਵੇ ਤੇ ਸਮਰੱਥ ਤੋਂ ਭਾਵ ਜਿਸ ਵਿਚ ਵਰਤਾਰਿਆਂ ਨੂੰ ਸਧਾਰਨ ਪੱਧਰ ਤੇ ਨਹੀਂ ਬਲਕਿ ਗਿਆਨਮਈ ਤੇ ਯਥਾਰਥਮਈ ਰੂਪ ਵਿਚ ਪੇਸ਼ ਕਰਨ ਦੀ ਸਮਰਥਾ ਹੋਵੇ। ਨਾਵਲਕਾਰਾ ਦੀ ਇਸ ਖ਼ੂਬੀ ਨੂੰ 'ਕਥਾ ਕਹੋ ਉਰਵਸ਼ੀ' ਨਾਵਲ ਦੀ ਕਥਾ ਪ੍ਰਤੱਖ ਰੂਪ ਵਿਚ ਉਭਾਰਦੀ ਹੈ।

ਨਾਵਲ 'ਕਥਾ ਕਹੋ ਉਰਵਸ਼ੀ' ਮੂਲ ਰੂਪ ਵਿਚ ਮੌਤ ਦੇ ਸੰਕਲਪ ਦੀ ਦਾਰਸ਼ਨਿਕਤਾ ਨੂੰ ਕੇਂਦਰ ਵਿਚ ਰੱਖ ਕੇ ਇਸ ਨਾਲ ਜੁੜੇ ਹੋਰ ਸਰੋਕਾਰਾਂ ਦੀ ਦਾਰਸ਼ਨਿਕ ਵਿਆਖਿਆ ਕਰਦਾ ਹੈ। ਮੌਤ ਕੀ ਹੈ? , ਮਰ ਕੇ ਬੰਦਾ ਕਿੱਥੇ ਜਾਂਦਾ ਹੈ? ਲੋਕ ਮਰ ਕਿਉਂ ਜਾਂਦੇ ਹਨ? ਜੀਵਨ ਤੇ ਮੌਤ ਅਸਲ ਵਿਚ ਹੈ ਕੀ? ਹਨ ਵਰਗੇ ਪ੍ਰਸ਼ਨ ਸਮੁੱਚੇ ਨਾਵਲ ਵਿਚ ਕਾਰਜਸ਼ੀਲ ਰਹਿੰਦੇ ਹਨ। ਪਾਤਰ ਇਹਨਾਂ ਦੇ ਉੱਤਰ ਲੱਭਣ ਦੇ ਲੰਮੇਰੇ ਸੰਘਰਸ਼ ਵਿਚ ਕਾਰਜਸ਼ੀਲ ਹੁੰਦੇ ਹਨ। ਪੰਜਾਬੀ ਨਾਵਲ ਜਗਤ ਵਿਚ ਇਹ ਪਹਿਲਾਂ ਨਾਵਲ ਹੈ ਜਿਹੜਾ ਕਿ ਮੌਤ ਤੇ ਮਰ ਚੁੱਕੇ ਵਿਅਕਤੀ ਦੀ ਕਥਾ ਨੂੰ ਉਸਾਰਦਾ ਹੈ। ਮੌਤ ਬਾਰੇ ਦਰਸ਼ਨ, ਧਰਮ, ਸਮਾਜ-ਸਭਿਆਚਾਰ ਵਿਚ ਕਈ ਮਾਨਤਾਵਾਂ, ਵਿਆਖਿਆਵਾਂ, ਰੀਤਾਂ ਤੇ ਅਸਰ ਰਸੂਖਾਂ ਦੀ ਚਰਚਾ ਹੁੰਦੀ ਹੈ। ਨਾਵਲ ਵਿਚ ਮੌਤ ਨੂੰ ਮੂਲ ਰੂਪ ਵਿਚ ਕੇਂਦਰ ਵਿਚ ਰੱਖ ਕੇ ਵੈਦਿਕ ਦਰਸ਼ਨ ਦੇ ਨੁਕਤੇ-ਨਿਗਾਹ ਤੋਂ ਇਸ ਸੰਕਲਪ ਦੀ ਦਾਰਸ਼ਨਿਕ ਵਿਆਖਿਆ ਕੀਤੀ ਹੈ। 'ਕਥਾ ਕਹੋ ਉਰਵਸ਼ੀ' ਨਾਵਲ ਵਿਚ ਇਹਨਾਂ ਛੋ ਵੱਖਰੇ ਵੱਖਰੇ ਖੰਡਾਂ ਵਿਚ ਭਾਵੇਂ ਸਮੁੱਚੀ ਕਹਾਣੀ ਦਾ ਵਿਸ਼ੇਸ਼ ਜ਼ਿਕਰ ਹੈ, ਪ੍ਰੰਤੂ ਇਹਨਾਂ ਛੇ ਖੰਡੀ ਨਾਵਲੀ ਭਾਗਾਂ ਵਿਚ ਮੌਤ ਦਾ ਡਰ ਅਤੇ ਹਨੇਰਾ ਨਿਰਵਿਘਨ ਰੂਪ ਵਿਚ ਛਾਇਆ ਦਿਸਦਾ ਹੈ। ਇਹ ਹਨੇਰਾ ਇਨ੍ਹਾਂ ਪ੍ਰਬਲ, ਸੰਘਣਾ ਅਤੇ ਫੈਲਵਾ ਹੈ ਕਿ ਪਾਤਰ ਇਸ ਤੋਂ ਨਜਾਤ ਪਾਉਣ ਵਿਚ ਸਫ਼ਲ ਨਹੀਂ ਹੁੰਦੇ। ਵੈਦਿਕ ਦਰਸ਼ਨ ਮੌਤ ਨੂੰ ਜੀਵਨ ਦਾ ਅੰਤ ਨਹੀਂ ਦੱਸਦਾ ਹੈ। ਮੌਤ ਤੋਂ ਬਾਅਦ ਵੀ ਵਿਅਕਤੀ ਦੀ ਹੋਂਦ ਨੂੰ ਮੰਨਣ ਦਾ ਯਕੀਨ ਲੋਕਾਈ ਵਿਚ ਦ੍ਰਿੜ੍ਹ ਕਰਾਉਂਦਾ ਹੈ। ਮੌਤ ਤੋਂ ਬਾਅਦ ਦੀ ਕਲਪਨਾ ਪਾਰਲੌਕਿਕਤਾ ਨੂੰ ਸਿਰਜਦੀ ਹੈ। ਪਾਤਰ ਇਸ ਵਿਚਾਰਧਾਰਾ ਨੂੰ ਵਿਹਾਰਕ ਰੂਪ ਵਿਚ ਧਾਰਨ ਕਰਨ ਦੇ ਯਤਨ ਵਲ ਅਗਰਸਰ ਰਹਿੰਦੇ ਹਨ।

ਇਹ ਕਾਰਜਸ਼ੀਲਤਾ ਮੌਤ ਰੂਪੀ ਸੰਕਲਪ ਨੂੰ ਸਰੋਕਾਰ ਬਣਾਉਂਦੀ ਹੈ।

ਰਿਸ਼ਤਾ ਨਾਤਾ ਪ੍ਰਬੰਧ ਵਿਚ ਹਰ ਰਿਸ਼ਤਾ ਮਨੁੱਖ ਲਈ ਮਹੱਤਵਪੂਰਨ ਹੈ। ਰਿਸ਼ਤਿਆਂ ਵਿਹੂਣੀ ਜ਼ਿੰਦਗੀ ਭਾਰਤ ਦੇਸ਼ ਵਿਚ ਸੰਭਵ ਨਹੀਂ ਹੈ। ਹਰ ਸਮਾਜ ਦਾ ਆਪਣਾ ਵਿਸ਼ੇਸ਼ ਪ੍ਰਸੰਗ ਤੇ ਪ੍ਰਬੰਧ ਹੁੰਦਾ ਹੈ। ਨਾਵਲ ਵਿਚ ਰਿਸ਼ਤਿਆਂ ਨੂੰ ਮਨੁੱਖੀ ਜੀਵਨ ਦੇ ਅਸਤਿਤਵ ਤੇ ਹਾਵੀ ਹੋਣ ਦੇ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ। ਰਿਸ਼ਤਿਆਂ ਵਿਚਲੇ ਮੋਹ ਦੀ ਕਥਾ ਸਾਹਿਤ ਦਾ ਵਿਸ਼ਾ ਰਿਹਾ ਹੈ। ਚਾਰ ਆਸ਼ਰਮ ਦੀ ਵਿਚਾਰਧਾਰਾ ਭਾਰਤੀ ਜੀਵਨ ਵਿਹਾਰ ਦਾ ਸਾਰ ਬਣਦੀ ਹੈ। ਉਮਰ ਦੇ ਚਾਰ ਪੜਾਅ ਮੰਨ ਕੇ ਹਰ ਪੜਾਅ ਵਿਚ ਵਿਅਕਤੀ ਦੇ ਫ਼ਰਜ਼ ਨਿਸ਼ਚਤ ਕੀਤੇ ਗਏ ਹਨ। ਇਹਨਾਂ ਦਾ ਮਨੋਰਥ ਮੋਹ ਤੋਂ ਮੁਕਤੀ ਦਾ ਸੰਦਰਭ ਸਿਰਜਣਾ ਹੈ। ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵਿਚੋਂ ਚਾਰ ਦਾ ਪਿਛਾਂਹ-ਖਿੱਚੂ ਪ੍ਰਕਿਰਤੀ ਦੇ ਲਖਾਇਕ ਵਰਤਾਰੇ ਹਨ। ਮੋਹ ਦੀ ਪ੍ਰਕਿਰਤੀ ਭਾਵੁਕਤਾ ਪੈਦਾ ਕਰਦੀ ਹੈ। ਮੋਹ ਤੋਂ ਮੁਕਤ ਹੋ ਕੇ ਹੀ ਮਹਾਤਮਾ ਬੁੱਧ ਤੇ ਗੁਰੂ ਨਾਨਕ ਦੇਵ ਜੀ ਨੂੰ ਸੱਚ ਦੀ ਪ੍ਰਾਪਤੀ ਹੁੰਦੀ ਹੈ। ਨਾਵਲ ਵਿਚ ਮੋਹ ਇਨ੍ਹਾਂ ਬਲਵਾਨ ਰਹਿੰਦਾ ਹੈ ਕਿ ਮੋਹ ਦੀ ਵਿਛੁੰਨਤਾ ਜੀਵਨ ਦੀ ਸੁਰ ਨੂੰ ਨਿਰਾਸ਼ਾਵਾਦੀ ਬਣਾਉਂਦੀ ਹੈ। ਪਾਤਰਾਂ ਦੇ ਵਿਹਾਰ ਤੇ ਕਰਮ ਰਾਹੀਂ ਇਸ ਦੀ ਪਛਾਣ ਹੁੰਦੀ ਹੈ। ਨਾਵਲ ਵਿਚ ਮੌਤ ਮੋਹ ਕਰਕੇ ਪਾਤਰਾਂ ਲਈ ਸਹਿਜ ਵਰਤਾਰਾ ਨਹੀਂ ਬਣਦੀ। ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕ ਮੌਤ ਨੂੰ ਸਹਿਜ ਵਰਤਾਰੇ ਦੇ ਪ੍ਰਸੰਗ ਵਿਚ ਵਿਸ਼ਲੇਸ਼ਿਤ ਕਰਦੇ ਹਨ। ਪਾਤਰਾਂ ਵੱਲੋਂ ਦਾਰਸ਼ਨਿਕ ਸੰਕਲਪਾਂ ਦੀ ਪ੍ਰਕਿਰਤੀ ਦੀ ਨਾ-ਸਮਝੀ ਜੀਵਨ ਵਿਚ ਉਦਾਸੀਨਤਾ ਪੈਦਾ ਕਰਦੀ।

ਦਰਸ਼ਨ ਮਨੁੱਖ ਤੇ ਸਮਾਜ ਦੇ ਬਾਹਰੀ ਮਸਲਿਆਂ ਨਾਲ ਵਾਸਤਾ ਨਹੀਂ ਰੱਖਦਾ ਬਲਕਿ ਇਨ੍ਹਾਂ ਦੀ ਪ੍ਰਕਿਰਤੀ ਵਰਤਾਰਿਆਂ ਦੀ ਅਥਾਹ ਹੋਂਦ ਦੀ ਤਲਾਸ਼ ਕਰਨ ਵਿਚ ਨਿਹਿਤ ਰਹਿੰਦੀ ਹੈ। ਦਲੀਪ ਕੌਰ ਟਿਵਾਣਾ ਇਸ ਨਾਵਲ ਵਿਚ ਮਨੁੱਖ ਤੇ ਸਮਾਜ ਨਾਲ ਜੁੜੇ ਸਰੋਕਾਰਾਂ ਦੇ ਸੰਦਰਭ ਵਿਚ ਕਥਾ ਬਿਰਤਾਂਤ ਉਸਾਰਦੇ ਹਨ। ਨਾਵਲ ਦੇ ਸਮੁੱਚੇ ਸੰਦਰਭ ਨੂੰ ਮਨੁੱਖ ਦੀ ਜੀਵਨ ਅਵਸਥਾ ਦੀ ਦਾਰਸ਼ਨਿਕ ਵਿਆਖਿਆ ਅਨੁਸਾਰੀ ਸਮਝਣਾ ਲੋੜੀਂਦਾ ਹੈ। ਹੋਂਦ ਤੇ ਹੋਣੀ ਦੇ ਸਰੋਕਾਰ ਤੇ ਨਾਵਲ ਫੋਕਸ ਕਰਦਾ ਹੈ। ਨਾਵਲ ਦਾ ਦਾਰਸ਼ਨਿਕ ਸੰਦਰਭ ਵੀ ਹੋਂਦ ਤੇ ਹੋਣੀ ਦੀ ਵਿਆਖਿਆ ਦੇ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ। ਜੀਵਨ ਵਿਚ ਹੋਣੀ ਕਿਸੇ ਵੀ ਰੂਪ ਵਿਚ ਆ ਸਕਦੀ ਹੈ। ਅਨਿਸ਼ਚਿਤ ਵਰਤਾਰੇ ਮਨੁੱਖ ਦੇ ਕਾਬੂ ਵਿਚ ਨਹੀਂ ਹੁੰਦੇ ਹਨ। ਕੁਝ ਮੁਸ਼ਕਲਾਂ ਪ੍ਰਕਿਰਤਿਕ ਹੁੰਦੀਆਂ ਹਨ ਤੇ ਕੁਝ ਮਨੁੱਖ ਦੁਆਰਾ ਸਹੇੜੀਆਂ ਪਰ ਪ੍ਰਕਿਰਤੀ ਨੂੰ ਮਨੁੱਖ ਆਪਣੇ ਅਧੀਨ ਕਰਨ ਦੀ ਜ਼ਿੱਦ ਕਰਦਾ ਹੈ। ਇਹ ਜ਼ਿੱਦ ਸੰਤਾਪ ਬਣ ਜਾਂਦੀ ਹੈ। ਦੇਵਿੰਦਰ ਸੰਤਾਪ ਤੇ ਮੋਹ ਦੀ ਉਪਭਾਵੁਕਤਾ ਵਿਚ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲੈਂਦਾ ਹੈ। ਉਸ ਦਾ ਇਹ ਕਦਮ ਹੋਣੀ ਦਾ ਰੂਪ ਧਾਰਦਾ ਹੈ। ਹੋਣੀ ਹੋਰ ਕਈ ਦਾਰਸ਼ਨਿਕ ਸੰਕਲਪਾਂ ਤੇ ਸਰੋਕਾਰਾਂ ਦਾ ਆਧਾਰ ਬਣਦੀ ਹੈ। ਨਿਰਾਸ਼ਾ, ਪੀੜ, ਸੰਤਾਪ, ਪਛਤਾਵਾ ਵਰਗੇ ਸੰਕਲਪ ਪਾਤਰਾਂ ਦੇ ਜੀਵਨ ਨੂੰ ਨਿਰਾਸ਼ਾਮਈ ਬਣਾਉਂਦੇ ਹਨ। ਹੋਂਦ ਮਨੁੱਖ ਨਾਲ ਜੁੜਿਆ ਸੰਕਲਪ ਹੈ। ਹੋਂਦਸ਼ੀਲ ਵਸਤ ਕਿਰਿਆਸ਼ੀਲ ਹੁੰਦੀ ਹੈ। ਹੋਣੀ ਦੇ ਵਾਪਰਨ ਤੋਂ ਬਾਅਦ ਹੋਂਦ ਨੂੰ ਜੋ ਖ਼ਤਰਾ ਦਰਪੇਸ਼ ਆਉਂਦਾ ਉਸ ਦੀ ਕਥਾ ਨਾਵਲ ਸਿਰਜਦਾ ਹੈ।

ਮਾਰਕਸ ਦਾ ਫ਼ਲਸਫ਼ਾ ਔਰਤ ਦੀ ਦੂਸਰੇ ਦਰਜੇ ਦੀ ਹਮਾਇਤ ਕਰਨ ਵਾਲੀ ਸਮਾਜਕ ਵਿਚਾਰਧਾਰਾ ਦਾ ਵਿਰੋਧ ਕਰਦਾ ਹੈ। ਸਮਾਜ ਔਰਤਾਂ ਤੇ ਮਰਦਾਂ ਦਾ ਸਮੂਹ ਹੈ। ਮਰਦ ਪੈਦਾਵਾਰ ਤੇ ਕਾਬਜ਼ ਰਹਿੰਦੇ ਹਨ। ਇਸ ਕਾਬਜ਼ ਪ੍ਰਵਿਰਤੀ ਨੂੰ ਸਮਾਜ ਮਰਦ ਦੀ ਹੋਂਦ ਤੇ ਪਛਾਣ ਬਣਾ ਦਿੰਦਾ ਹੈ। ਔਰਤ ਮਰਦ ਦੇ ਅਧੀਨ ਰਹਿ ਕੇ ਜੀਵਨ ਬਸਰ ਕਰਦੀ ਹੈ। ਸਮਾਜ ਵਿਚ ਔਰਤ ਨੂੰ ਜਦ ਆਪਣੀ ਹੋਂਦ ਦੀ ਚੇਤਨਾ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਇਸ ਸਮਾਜਕ ਭੇਦ-ਭਾਵ ਦਾ ਵਿਰੋਧ ਕਰਦੀ, ਇਹ ਵਿਰੋਧ ਨਾਰੀ ਚੇਤਨਾ ਦੇ ਸਰੋਕਾਰ ਨੂੰ ਉਭਾਰਦਾ ਹੈ। ਇਹ ਸਰੋਕਾਰ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦੀ ਕੇਂਦਰੀ ਸੁਰ ਬਣਦਾ ਹੈ। ਨਾਵਲ ਵਿਚ ਨਾਰੀ ਬਿੰਬ ਕਈ ਰੂਪਾਂ ਵਿਚ ਪੇਸ਼ ਹੋਇਆ ਹੈ। ਮਾਂ, ਭੈਣ, ਪਤਨੀ, ਪ੍ਰੇਮਿਕਾ ਦੇ ਰੂਪ ਵਿਚ ਔਰਤ ਦੀ ਹੋਂਦ ਤੇ ਹੋਣੀ ਨੂੰ ਸੀਮਾਵਾਂ ਤੇ ਸੰਭਾਵਨਾਵਾਂ ਸਹਿਤ ਪੇਸ਼ ਕੀਤਾ ਹੈ। ਔਰਤ ਨੂੰ ਹਮੇਸ਼ਾ ਮਰਦ ਪ੍ਰਧਾਨ ਸਮਾਜ ਦੀ ਅਧੀਨਗੀ ਸਵੀਕਾਰ ਕਰਨੀ ਪਈ ਹੈ। ਡਾ.ਕੁਲਦੀਪ ਸਿੰਘ ਅਨੁਸਾਰ,

> *"ਟਿਵਾਣਾ ਗਲਪ ਬਿੰਬ ਰਾਹੀਂ ਨਾਰੀ ਦਾ ਸੰਤਾਪ ਤੇ ਉਸ ਦੀ ਹੋਣੀ ਦੇ ਵਿਭਿੰਨ ਰੂਪ ਪੇਸ਼ ਕਰ ਸਕੀ ਹੈ ਤੇ ਉਸ ਦਾ ਆਪਣਾ ਤਨ ਝਾਗਿਆ ਅਨੁਭਵ ਹੈ ਜਿਸ ਦੀ ਕੰਨਸੋਅ ਉਸ ਦੀ ਸਵੈ-ਜੀਵਨੀ ਵਿਚ ਮਿਲਦੀ ਹੈ।"*[4]

ਸਭ ਤੋਂ ਪਹਿਲਾਂ ਬੇਜੀ ਚੰਦ ਕੌਰ ਜੋ ਕਿ ਜਾਗੀਰਦਾਰੀ ਸਮਾਜ ਵਿਚ ਪੰਜ ਧੀਆਂ ਦੀ ਮਾਂ ਬਣਦੀ ਹੈ। ਧੀ ਦਾ ਪੈਦਾ ਹੋਣਾ ਉਸ ਲਈ ਸੰਤਾਪ ਬਣ ਜਾਂਦਾ ਹੈ। ਉਹ ਧਰਮ ਨੂੰ ਫ਼ਰਜ਼ ਤੇ ਪਰ ਕਲਿਆਣ ਦੇ ਰੂਪ ਵਿਚ ਜੀਵਨ ਵਿਚ ਧਾਰਨ ਕਰਦੀ ਹੈ। ਇਸ ਕਾਰਨ ਜੀਵਨ ਉਸ ਲਈ ਆਸ਼ਾਮਈ ਰਿਹਾ ਹੈ। ਧਾਰਮਿਕ ਸੰਸਕਾਰ ਤੇ ਰੀਤਾਂ ਜੋ ਵੇਦਾਂ, ਉਪਨਿਸ਼ਦਾਂ ਤੇ ਗੀਤਾ ਦਾ ਸਾਰ ਹਨ। ਉਨ੍ਹਾਂ ਦੀ ਪਾਲਣਾ ਨੂੰ ਕੁਲਦੀਪ ਤੇ ਬੇਜੀ ਜੀਵਨ ਆਦਰਸ਼ ਬਣਾਉਂਦੀਆਂ ਹਨ। ਨਾਵਲ ਸੰਤਾਪ, ਹੋਣੀ, ਦੁੱਖ ਨੂੰ ਇਸ ਪ੍ਰਸੰਗ ਵਿਚ ਪੇਸ਼ ਕਰਦਾ ਹੈ। ਅਲਕਾ ਇਹਨਾਂ ਸਾਰੇ ਸੰਸਕਾਰਾਂ ਤੇ ਰੀਤਾਂ ਦੀ ਪਾਲਣਾ ਕਰਨ ਤੋਂ ਮੁਨਕਰ ਹੁੰਦੀ ਹੈ।

ਧਰਮ ਨੂੰ ਮਨੁੱਖ ਦੁਆਰਾ ਸੰਕੀਰਨ ਅਰਥਾਂ ਵਿਚ ਗ੍ਰਹਿਣ ਕੀਤਾ ਜਾਂਦਾ ਰਿਹਾ ਹੈ। ਇਹ ਸੰਕੀਰਨਤਾ ਉਸ ਦੇ ਨਜ਼ਰੀਏ ਨੂੰ ਵੀ ਸੀਮਤ ਕਰਦੀ ਹੈ। ਵੈਦਿਕ

ਧਰਮ ਦੇ ਸੰਕਲਪਾਂ ਦੀ ਮਹੱਤਤਾ ਤੇ ਵਿਹਾਰਕ ਪ੍ਰਸੰਗਤਾ ਨੂੰ ਨਾਵਲ ਵਿਚ ਉਭਾਰਿਆ ਹੈ। ਪਾਤਰ ਪੁਨਰਜਨਮ, ਆਤਮਾ, ਸਰਾਧ, ਗਤੀ, ਯੱਗ ਆਦਿ ਵਿਧੀਆਂ ਰਾਹੀਂ ਮੁਕਤੀ ਲਈ ਕਾਰਜਸ਼ੀਲ ਰਹਿੰਦੇ ਹਨ। ਇਹ ਮੁਕਤੀ ਕਰਮ-ਕਾਡ ਰਾਹੀਂ ਸੰਭਵ ਹੁੰਦੀ ਹੈ। ਪਰ ਪਾਤਰ ਕਰਮ-ਕਾਡ ਰਾਹੀਂ ਅੰਤਰੀਵੀ ਨਿਰਾਸ਼ਾ, ਦੁੱਖ ਤੋਂ ਮੁਕਤ ਨਹੀਂ ਹੁੰਦੇ। ਸਹਿਜ ਪ੍ਰਾਪਤੀ ਲਈ ਆਤਮਿਕ ਯਤਨ ਲੋੜੀਂਦੇ ਹਨ। ਇਸ ਲਈ ਪਾਤਰ ਗੁਰਬਾਣੀ ਪੜ੍ਹਦੇ ਹਨ। ਗੁਰਬਾਣੀ ਪਾਤਰਾਂ ਦੇ ਪ੍ਰਸ਼ਨਾਂ ਨੂੰ ਸਰਲ ਕਰਦੀ ਹੈ। ਗੁਰਬਾਣੀ ਮਨੁੱਖ ਨੂੰ ਕਰਮਸ਼ੀਲ ਵਿਹਾਰ ਧਾਰਨ ਕਰਨ ਲਈ ਪ੍ਰੇਰਿਤ ਕਰਦੀ ਹੈ। ਗੁਰਬਾਣੀ ਵਿਚ ਮੌਤ, ਦੁੱਖ, ਸੁੱਖ, ਜਨਮ, ਸਹਿਜ, ਸੰਤੋਖ, ਸ੍ਰਿਸ਼ਟੀ, ਮਨੁੱਖ ਆਦਿ ਸੰਕਲਪਾਂ ਦੀ ਵਿਆਖਿਆ ਮਨੁੱਖ ਦੀ ਆਤਮਿਕ ਪਰਪੱਕਤਾ ਨੂੰ ਪੱਕਿਆ ਕਰਨ ਦੇ ਸੰਦਰਭ ਵਿਚ ਮਹੱਤਤਾ ਰੱਖਦੀ ਹੈ। ਪਾਤਰ ਗੁਰਬਾਣੀ ਦੀ ਵਿਚਾਰਧਾਰਾ ਨੂੰ ਗ੍ਰਹਿਣ ਕਰ ਨਿਰਾਸ਼ਾਵਾਦ ਤੋਂ ਮੁਕਤ ਹੁੰਦੇ ਹਨ। ਨਾਵਲ ਵਿਚ ਹਰ ਪਾਤਰ ਮਾਨਸਿਕ ਦੁਬਿਧਾ ਨਾਲ ਜੂਝ ਰਿਹਾ ਹੈ। ਨਾਵਲ ਦਾਰਸ਼ਨਿਕ ਗ੍ਰੰਥਾਂ ਦੀ ਮਹੱਤਤਾ ਦਾ ਪ੍ਰਵਚਨ ਸਿਰਜਦਾ ਹੈ।

ਨਾਵਲ ਜਿਸ ਦੁਖਾਂਤ ਦੀ ਪੇਸ਼ਕਾਰੀ ਕਰਦਾ ਉਸ ਦਾ ਦਾਰਸ਼ਨਿਕ ਸੰਦਰਭ ਪਰੰਪਰਾ ਤੇ ਆਧੁਨਿਕਤਾਵਾਦ ਦੇ ਟਕਰਾਵ ਵਿਚ ਨਿਹਿਤ ਹੈ। ਪਰੰਪਰਾ ਮਨੁੱਖ ਦੇ ਉਨ੍ਹਾਂ ਸੰਸਕਾਰਾਂ, ਵਿਸ਼ਵਾਸਾਂ, ਰੀਤਾਂ, ਕਾਰਜਾਂ ਨੂੰ ਜੋ ਸਮਾਜਿਕ ਤੇ ਧਾਰਮਿਕ ਰੂਪ ਵਿਚ ਸਥਾਪਤ ਨੇਮ ਬਣ ਚੁੱਕੇ ਹਨ ਦਾ ਸੰਚਾਰ ਕਰਦੀ ਹੈ। ਪਰ ਸਮੇਂ ਦੀ ਨਿਰੰਤਰਤਾ ਤੇ ਪਰਿਵਰਤਨ ਨਾਲ ਹੋ ਰਹੇ ਸਾਂਸਕ੍ਰਿਤਿਕ ਤੇ ਦਾਰਸ਼ਨਿਕ ਵਿਕਾਸ ਕਾਰਨ ਸਮਾਜਕ ਤੇ ਮਨੁੱਖੀ ਵਿਹਾਰ ਵਿਚ ਬਹੁਤ ਵੱਡੀ ਤਬਦੀਲੀ ਆਈ ਹੈ। ਪੂੰਜੀਵਾਦ ਅਸਲ ਵਿਚ ਕਈ ਸਮੱਸਿਆਵਾਂ ਦਾ ਕਾਰਨ ਬਣਿਆ ਹੈ। ਮਾਰਕਸਵਾਦੀ ਦਰਸ਼ਨ ਦੇ ਸੰਦਰਭ ਵਿਚ ਲੇਖਿਕਾ ਇਸ ਪਹਿਲੂ ਨੂੰ ਦ੍ਰਿੜ੍ਹ ਕਰਦੀ ਹੈ। ਰਿਸ਼ਤਿਆਂ ਦੀ ਹੋਂਦ ਤੇ ਹੋਣੀ ਵਿਚ ਆਰਥਿਕਤਾ ਦਾ ਵੱਡਾ ਰੋਲ ਹੈ। ਨਾਵਲ ਵਿਚ ਸ਼ਾਲਿਨੀ ਕਹਿੰਦੀ ਹੈ,

> *"ਇਹ ਪਦਾਰਥਵਾਦ ਦਾ ਯੁੱਗ ਹੈ। ਮੈਂ ਮਾਰਕਸ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਤੁਹਾਡਾ ਆਚਰਨ ਵਿਚਰਨ ਤੁਹਾਡੀ ਭਾਵਕ ਤੇ ਬੌਧਿਕ ਪੱਧਰ, ਤੁਹਾਡੇ ਰਿਸ਼ਤੇ ਨਾਤੇ ਸਭ ਦੀ ਤਹਿ ਥੱਲੇ ਤੁਹਾਡੀ ਆਰਥਿਕਤਾ ਹੁੰਦੀ ਹੈ ਤੇ ਆਰਥਿਕਤਾ ਹੀ ਅੱਜ ਦੇ ਸਮੇਂ ਵਿਚ ਤੁਹਾਨੂੰ ਸਿਰਜਦੀ ਵਿਉਂਤਦੀ ਹੈ।"*[5]

ਨਾਵਲ ਵਿਚ ਬੇਜੀ ਪਰੰਪਰਕ ਦਰਸ਼ਨ ਨੂੰ ਜੀਵਨ ਦੀ ਕੁੰਜੀ ਮੰਨਦੇ ਹਨ। ਉਹ ਪਰੰਪਰਕ ਰੀਤਾਂ, ਵਿਹਾਰਾਂ,ਵਿਸ਼ਵਾਸਾਂ,ਆਸਥਾ,ਸ਼ਰਧਾਮਈ ਕਾਰਜਾਂ ਵਿਚ ਵਿਸ਼ਵਾਸ ਰੱਖ ਕੇ ਜੀਵਨ ਜਿਉਣ ਦੇ ਫ਼ਲਸਫ਼ੇ ਵਿਚ ਯਕੀਨ ਰੱਖਦੀ ਹੈ। ਪਰ ਸਮੇਂ ਦੇ ਅੰਤਰਾਲ ਨਾਲ ਆਏ ਬਦਲਾਵ ਰਾਹੀਂ ਉਸਦੀ ਨੂੰਹ ਅਲਕਾ ਆਧੁਨਿਕ ਕਦਰਾਂ-ਕੀਮਤਾਂ ਦੀ ਪ੍ਰਵਾਹਕ ਬਣਦੀ ਹੈ।

'ਕਥਾ ਕਹੋ ਉਰਵਸ਼ੀ' ਨਾਵਲ ਦਾ ਦਾਰਸ਼ਨਿਕ ਸੰਦਰਭ ਜੀਵਨ ਦੇ ਪ੍ਰਕਿਰਤਿਕ ਵਰਤਾਰਿਆਂ (ਜਨਮ, ਮੌਤ, ਦੁੱਖ) ਦੀ ਸਮਝ ਨੂੰ ਦਾਰਸ਼ਨਿਕ ਪਰਿਪੇਖ ਅਧੀਨ ਪੇਸ਼ ਕਰਨ ਵਿਚ ਨਿਹਿਤ ਹੈ। ਨਾਵਲ ਦਾ ਮੂਲ ਸੰਦਰਭ ਇਹਨਾਂ ਦਾਰਸ਼ਨਿਕ ਸੰਕਲਪਾਂ ਦੀ ਪ੍ਰਕਿਰਤੀ ਦਾ ਵਿਸ਼ਲੇਸ਼ਣ ਕਰਨਾ ਹੈ। ਨਾਵਲ ਮੂਲ ਰੂਪ ਵਿਚ ਜੀਵਨ ਤੇ ਮੌਤ ਦੇ ਭੇਤ ਦੀ ਦਾਰਸ਼ਨਿਕ ਵਿਆਖਿਆ ਦੀ ਕਥਾ ਹੈ। ਹਰ ਗਿਆਨ ਪ੍ਰਣਾਲੀ ਇਹਨਾਂ ਸੰਕਲਪਾਂ ਦੀ ਵਿਆਖਿਆ ਕਰਦੀ ਹੈ। ਪਾਤਰ ਜਦੋਂ ਵਿਹਾਰਕ ਰੂਪ ਵਿਚ ਇਹਨਾਂ ਦੇ ਸਨਮੁੱਖ ਹੋ ਕੇ ਇਹਨਾਂ ਦੀ ਪ੍ਰਕਿਰਤੀ ਨੂੰ ਜਾਣਨਾ ਲੋਚਦੇ ਹਨ। ਉਹ ਵੇਦਾਂਤ ਦਰਸ਼ਨ ਦੀ ਵਿਚਾਰਧਾਰਾ ਰਾਹੀਂ ਇਹਨਾਂ ਸੰਕਲਪਾਂ ਦੀ ਪ੍ਰਕਿਰਤੀ ਨੂੰ ਸਮਝਦੇ ਹਨ। ਆਤਮਾ ਤੇ ਪੁਨਰਜਨਮ ਦੇ ਵਿਸ਼ਵਾਸ ਨਾਲ ਨਾਵਲ ਦਾ ਹਰ ਸਰੋਕਾਰ ਜੁੜਿਆ ਹੈ। ਮਨੁੱਖ ਦਾ ਅਸਲ ਵਿਚ ਮੂਲ ਅਸਤਿਤਵ ਕੀ ਹੈ ? ਜੀਵਨ ਵਿਚ ਮੌਤ ਤੇ ਕਿਸੇ ਦਾ ਕੋਈ ਵੱਸ ਨਹੀਂ ਹੈ। ਇਹ ਜੀਵਨ ਦੀ ਸੁਰ ਨੂੰ ਨਿਰਾਸ਼ਾਮਈ ਬਣਾਉਂਦੀ ਹੈ। ਇਸ ਨਿਰਾਸ਼ਾ ਤੋਂ ਪਾਤਰ ਮੁਕਤ ਹੋਣਾ ਲੋਚਦੇ ਹਨ। ਇਸ ਮੁਕਤੀ ਵਿਚ ਕਰਮ-ਕਾਂਡੀ ਮਾਰਗ ਸਹਾਈ ਨਹੀਂ ਹੁੰਦਾ ਹੈ। ਅਸਲ ਵਿਚ ਨਿੱਜੀ ਦੁੱਖ ਹਰ ਤਰ੍ਹਾਂ ਮਨੁੱਖ ਦੀ ਸੋਚ ਤੇ ਭਾਰੂ ਰਹਿੰਦਾ ਹੈ। ਇਸ ਤਰ੍ਹਾਂ ਨਾਵਲ ਗੁਰਮਤਿ ਦੀ ਵਿਚਾਰਧਾਰਾ ਰਾਹੀਂ ਪਾਤਰਾਂ ਨੂੰ ਸਹਿਜ ਮਾਰਗ ਦੇ ਪਾਂਧੀ ਬਣਾਉਣ ਦੇ ਸੰਦਰਭ ਨੂੰ ਉਸਾਰਦਾ ਹੈ।

ਜੀਵਨ ਵਿਚ ਮਨੁੱਖ ਸਭ ਤੋਂ ਵੱਧ ਦੁੱਖਾਂ ਨਾਲ ਮੁਖਾਤਿਬ ਹੁੰਦਾ ਹੈ। **ਦੁੱਖ** ਤੋਂ ਬਚਣ ਲਈ ਉਸ ਦੇ ਯਤਨ ਹੀ ਉਸ ਨੂੰ ਕਰਮਸ਼ੀਲ ਤੇ ਚਿੰਤਕ ਬਣਾਉਂਦੇ ਹਨ। ਦੁੱਖ ਜੀਵਨ ਦੇ ਕੇਂਦਰ ਵਿਚ ਰਹਿੰਦਾ ਹੈ। ਦੁੱਖ – ਸੁੱਖ ਦਾ ਨਾਮ ਹੀ ਜੀਵਨ ਹੈ। ਇਸ ਨਾਵਲ ਵਿਚ ਦੁੱਖ ਦਾ ਕਾਰਨ ਮੌਤ ਤੇ ਮੌਤ ਤੋਂ ਉਪਜੀ ਨਿਰਾਸ਼ਾ ਹੈ। ਦੁੱਖ ਪਾਤਰਾਂ ਦੇ ਜੀਵਨ ਨੂੰ ਨੀਰਸ ਬਣਾਉਂਦਾ ਹੈ। ਦੁੱਖ ਕੁਦਰਤੀ ਵੀ ਹੋ ਸਕਦੇ ਹਨ ਤੇ ਮਨੁੱਖ ਸਿਰਜਿਤ ਵੀ, ਪਰ ਅਜੋਕੇ ਸਮੇਂ ਵਿਚ ਵਿਅਕਤੀ ਆਪ ਸਹੇੜੇ ਦੁੱਖਾਂ ਵਿਚ ਗ੍ਰਿਸਤ ਹੈ। ਦੁੱਖ ਦੀ ਪ੍ਰਕਿਰਤੀ ਥੁੜ ਚਿਰੀਂ ਹੁੰਦੀ ਹੈ। ਪਰ ਮੋਹ ਤੋਂ ਮੁਕਤ ਨਾ ਹੋਣ ਦੀ ਪ੍ਰਕਿਰਤੀ ਮਨੁੱਖੀ ਸੁਭਾ ਦਾ ਹਿੱਸਾ ਹੋਣ ਕਰਕੇ ਉਸ ਲਈ ਸਭ ਤੋਂ ਵੱਧ ਦੁਖਦਾਈ ਪਰਸਥਿਤੀ ਬਣਦੀ ਹੈ। ਨਾਵਲ ਦੀ ਭੂਮਿਕਾ ਵਿਚ ਨਾਵਲਕਾਰਾ ਦੁੱਖ ਦੇ ਕਾਰਨ ਨੂੰ ਬੁੱਧ ਦੇ ਫ਼ਲਸਫ਼ੇ ਤੋਂ ਪੜਚੋਲਦੀ ਹੋਈ ਲਿਖਦੀ ਹੈ,

> *"ਬੁੱਧ ਆਖਦੈ ਸਾਰੇ ਦੁੱਖਾਂ ਦਾ ਕਾਰਨ ਮੋਹ-ਜਾਲ ਹੁੰਦੈ ਤੇ ਮੋਹ ਦਾ ਕਾਰਨ ਅਗਿਆਨਤਾ ਐ। ਇੱਥੇ ਨਾ ਕੋਈ ਜੰਮਦਾ ਹੈ ਤੇ ਨਾ ਕੋਈ ਮਰਦਾ ਹੈ, ਇਹ ਤਾਂ ਨਿਰੀ ਪੰਜ ਤੱਤਾਂ ਦੀ ਖੇਡ ਹੈ। ਪੰਜ ਤੱਤ ਰਲ ਕੇ ਜਦੋਂ ਚਾਹੁਣ ਸਾਨੂੰ*

*ਰਲ ਕੇ ਸਿਰਜ ਲੈਂਦੇ ਹਨ ਤੇ ਜਦੋਂ ਇਹੋ ਪੰਜ ਤੱਤ ਨਿੱਖੜ ਜਾਂਦੇ ਹਨ ਤਾਂ ਅਸੀਂ ਵਿਣਸ ਜਾਂਦੇ ਹਾਂ। ਮੰਨਿਆ ਮੋਹ ਦੁੱਖਾਂ ਦਾ ਕਾਰਨ ਹੈ ਪਰ ਮੋਹ ਤੋਂ ਪਾਰ ਕਿਵੇਂ ਲੰਘਿਆ ਜਾਵੇ?'*[6]

'ਗੁਰੂ' ਦੀ ਭਾਰਤੀ ਦਰਸ਼ਨ ਵਿਚ ਵਿਸ਼ੇਸ਼ ਮਹੱਤਤਾ ਹੈ। ਗੁਰੂ ਅਸਲ ਵਿਚ ਗੁਣਾਂ ਤੇ ਮਹਾਨਤਾ ਦਾ ਪ੍ਰਤੀਕ ਹੈ। ਗੁਰੂ ਦੀ ਹੋਂਦ ਧਰਮ, ਦਰਸ਼ਨ, ਸਮਾਜ, ਸਭਿਆਚਾਰ ਵਿਚ ਵਿਸ਼ੇਸ਼ ਅਰਥ ਰੱਖਦੀ ਹੈ। ਧਰਮ ਤੇ ਦਰਸ਼ਨ ਵਿਚ ਮਨੁੱਖ ਗੁਰੂ ਤੋਂ ਗਿਆਨ ਮਾਰਗ ਪ੍ਰਾਪਤ ਕਰਦਾ ਹੈ। ਸਮਾਜ ਵਿਚ ਗੁਰੂ ਮਨੁੱਖ ਲਈ ਆਦਰਸ਼ ਬਣਦਾ ਹੈ। ਆਦਰਸ਼ ਤਕ ਮਨੁੱਖ ਆਪਣੀ ਪਹੁੰਚ ਬਣਾਉਣੀ ਚਾਹੁੰਦਾ ਹੈ। ਗੁਰੂ ਸਰੁੱਖਿਆ ਦਾ ਪ੍ਰਤੀਕ ਹੈ। ਗੁਰੂ ਰਾਹ ਦਸੇਰਾ ਬਣਦਾ ਹੈ। ਗੁਰਬਾਣੀ ਵਿਚ ਗੁਰੂ ਦੀ ਮਹੱਤਤਾ ਬਿਆਨ ਹੈ 'ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ'[7] ਗੁਰੂ ਰੂਹਾਨੀਅਤ ਨਾਲ ਪ੍ਰਣਾਈ ਸ਼ਖ਼ਸੀਅਤ ਹੈ। ਗੁਰੂ ਦਾ ਕਾਰਜ ਕਲਿਆਣ ਵਿਚ ਨਿਹਿਤ ਹੈ। ਹਰ ਔਕੜ ਤੇ ਦੁਬਿਧਾ ਦੇ ਹੱਲ ਹਿੱਤ ਮਨੁੱਖ ਗੁਰੂ ਦੀ ਸ਼ਰਨ ਵਿਚ ਆ ਜਾਂਦਾ ਤੇ ਸ਼ਰਨ ਨਾਲ ਉਸ ਨੂੰ ਰਸਤਾ ਪ੍ਰਾਪਤ ਹੁੰਦਾ ਹੈ ਅਤੇ ਕ੍ਰਿਸ਼ਨ ਵਾਂਗ ਦੁਬਿਧਾ ਤੋਂ ਮੁਕਤ ਹੁੰਦਾ ਹੈ। ਪੰਜਾਬੀ ਵਿਚ ਹਰ ਨਾਵਲ ਇਨ੍ਹਾਂ ਸੰਕਲਪਾਂ ਦੀ ਮਨੁੱਖ ਤੇ ਸਮਾਜ ਦੇ ਸੰਦਰਭ ਵਿਚ ਵਿਆਖਿਆ ਕਰਦਾ ਹੈ। ਨਾਵਲ ਵਿਚ ਅਰਵਿੰਦ ਗੁਰੂ ਦੀ ਸ਼ਰਨ ਵਿਚ ਜੀਵਨ ਦੇ ਮਸਲੇ ਸਮਝਣ ਦੇ ਯਤਨ ਵਿਚ ਰਹਿੰਦਾ ਹੈ। ਜੀਵਨ ਦੇ ਹਰ ਪੱਖ ਦੀ ਵਿਆਖਿਆ ਗੁਰੂ ਕਰ ਸਕਦਾ ਹੈ। ਪੰਜਾਬੀ ਸਮਾਜ ਤੇ ਸਭਿਆਚਾਰ ਵਿਚ ਗੁਰੂ ਦਾ ਮਹੱਤਵ ਮੁਕਤੀ ਦੇ ਪ੍ਰਸੰਗ ਵਿਚ ਬਣਦਾ ਹੈ।

'ਕਥਾ ਕਹੋ ਉਰਵਸ਼ੀ' ਨਾਵਲ ਦੀ ਪ੍ਰਕਿਰਤੀ ਤੇ ਮੁਹਾਵਰਾ ਦਾਰਸ਼ਨਿਕ ਹੈ। ਨਾਵਲ ਮਨੁੱਖ ਦੀ ਅਗਿਆਨਤਾ ਤੋਂ ਪਰੀਚਿਤ ਕਰਾਉਂਦਾ ਹੈ। ਅਗਿਆਨ ਦੀ ਪ੍ਰਕਿਰਤੀ ਮਨੁੱਖ ਨੂੰ ਨਾ ਕੇਵਲ ਬਾਹਰੀ ਭਟਕਣ ਬਲਕਿ ਅੰਤਰੀਵੀ ਭਟਕਣ ਦਾ ਵੀ ਸ਼ਿਕਾਰ ਬਣਾਉਂਦੀ ਹੈ। ਇਸ ਵਿਹਾਰਕਤਾ ਨੂੰ ਨਾਵਲ ਵਿਚੋਂ ਪਹਿਚਾਣਿਆ ਜਾ ਸਕਦਾ ਹੈ। ਸਧਾਰਨ ਗਿਆਨ ਤੇ ਦਾਰਸ਼ਨਿਕ ਗਿਆਨ ਵਿਚ ਅੰਤਰ ਹੈ। ਸਧਾਰਨ ਗਿਆਨ ਦਾ ਸੰਬੰਧ ਵਸਤੂਆਂ ਤੇ ਵਰਤਾਰਿਆਂ ਨਾਲ ਹੁੰਦਾ ਹੈ। ਦਾਰਸ਼ਨਿਕ ਗਿਆਨ ਵਿਚ ਹੋਂਦਸ਼ੀਲ ਤੇ ਨਿਰਹੋਂਦ ਰੂਹਾਨੀ ਪ੍ਰਕਿਰਤੀ ਦਾ ਗਿਆਨ ਸ਼ਾਮਲ ਹੈ। ਨਾਵਲ ਵਿਚ ਪਾਤਰ ਗਿਆਨ ਪ੍ਰਾਪਤ ਕਰਨ ਵਲ ਅਗਰਸਰ ਹਨ। ਉਹ ਧਾਰਮਿਕ ਗ੍ਰੰਥਾਂ, ਪੁਸਤਕਾਂ ਤੇ ਅਨੁਭਵ ਤੋਂ ਦੁੱਖ, ਜੀਵਨ, ਹੋਂਦ, ਨਿਰਾਸ਼ਾ ਆਦਿ ਸਰੋਕਾਰਾਂ ਦੀ ਪ੍ਰਕਿਰਤੀ ਬਾਰੇ ਜਾਣਦੇ ਹਨ। ਉਹ ਇਸ ਗਿਆਨ ਨੂੰ ਵਿਹਾਰ ਦਾ ਹਿੱਸਾ ਨਹੀਂ ਬਣਾ ਪਾਉਂਦੇ। ਗਿਆਨ ਲਈ ਹਰ ਪਲ ਯਤਨਸ਼ੀਲ ਹਨ। ਪਰ ਉਹ ਵਿਹਾਰਕ ਰੂਪ ਵਿਚ ਇਸ ਤੋਂ ਭਾਂਜਵਾਦੀ ਹੁੰਦੇ ਹਨ। ਉਹ ਅਗਿਆਨ ਨੂੰ ਧਾਰਨ ਕਰਦੇ ਜਿਸ ਕਰਕੇ ਵਰਤਾਰਿਆਂ ਦੀ ਪ੍ਰਕਿਰਤੀ ਤੋਂ ਭੱਜ ਇੱਛਾਵਾਂ ਦੀ ਗ੍ਰਿਫ਼ਤ ਵਿਚ ਰਹਿੰਦੇ ਹਨ। ਮਨੁੱਖ ਅਸਲ ਵਿਚ ਮੋਹ ਤਕ ਸੀਮਤ ਰਹਿੰਦਾ ਹੈ। ਮੋਹ ਤੋਂ ਪਾਰ ਜਾਣ ਦੀ ਪ੍ਰਵਿਰਤੀ ਉਸ ਨੂੰ ਉਪਰਾਮ ਕਰਦੀ ਹੈ। ਗਿਆਨ ਦੀ ਅਵਸਥਾ ਨੂੰ ਸਹਿਜਮਈ ਅਵਸਥਾ ਦੇ ਸਮਰੂਪ ਦੱਸਿਆ ਹੈ। ਉਪਰੋਕਤ ਅਧਿਐਨ ਦੇ ਪਰਿਪੇਖ ਵਿਚ ਕੁਝ ਸਥਾਪਨਾਵਾਂ ਜਾਂ ਸਿੱਟੇ ਹੇਠ ਲਿਖੇ ਹਨ,

- ਦਰਸ਼ਨ ਦਾ ਸਰੋਕਾਰ ਜੀਵਨ ਦੇ ਹਰ ਖੇਤਰ ਨਾਲ ਹੈ। ਦਰਸ਼ਨ ਜੀਵਨ ਨੂੰ ਮਾਰਗ ਦਰਸ਼ਨ ਪ੍ਰਦਾਨ ਕਰਦਾ ਹੈ। ਇਹ ਮਾਰਗ ਦਰਸ਼ਨ ਜੀਵਨ ਨੂੰ ਕਲਿਆਣਮਈ ਸੇਧ ਦਿੰਦਾ ਹੈ। ਦਰਸ਼ਨ ਸਮਾਜ ਨੂੰ ਨਿਰੰਤਰਤਾ ਤੇ ਵਿਕਾਸ ਪ੍ਰਦਾਨ ਕਰਦਾ ਹੈ।

- ਇਸ ਨਾਵਲ ਵਿਚ ਸਮਾਜ ਤੇ ਸਭਿਆਚਾਰ ਦੇ ਪ੍ਰਸੰਗ ਵਿਚ ਦਰਸ਼ਨ ਦੀ ਜੀਵਨ ਵਿਚ ਮਹੱਤਤਾ ਤੇ ਕਾਰਜਸ਼ੀਲਤਾ ਨੂੰ ਪੇਸ਼ ਕੀਤਾ ਹੈ। ਨਾਵਲ ਪੰਜਾਬੀ ਸਮਾਜ ਦੀ ਤਸਵੀਰ ਨੂੰ ਪਿੱਠਭੂਮੀ ਵਿਚ ਰੱਖਦਾ ਹੈ।

- ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਜਨਮ, ਮੌਤ, ਦੁੱਖ, ਸੁੱਖ, ਜੀਵ, ਮੁਕਤੀ, ਗੁਰੂ, ਰਿਸ਼ਤੇ ਆਦਿ ਸੰਕਲਪਾਂ ਦੀ ਦਾਰਸ਼ਨਿਕ ਪਰੰਪਰਾ ਵਿਚ ਖਾਸੀ ਮਹੱਤਤਾ ਹੈ। ਇਹ ਨਾਵਲ ਜੀਵਨ ਦਰਸ਼ਨ ਦੀ ਤਸਵੀਰ ਪੇਸ਼ ਕਰਦਾ ਹੈ। ਇਹ ਤਸਵੀਰ ਸਮੁੱਚੇ ਪੰਜਾਬ ਦੀ ਹੈ। ਦਲੀਪ ਕੌਰ ਟਿਵਾਣਾ ਦਾ ਨਾਵਲ ਅਸਲ ਵਿਚ ਪੰਜਾਬੀ ਸਮਾਜ ਵਿਚ ਮਨੁੱਖ ਦੀ ਜਨਮ ਤੋਂ ਮੌਤ ਤਕ ਦੀਆਂ ਪ੍ਰਸਥਿਤੀਆਂ ਨੂੰ ਸਮਾਜ ਸਭਿਆਚਾਰ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ।

- ਮੌਤ ਦਾ ਅਤਿ ਭਿਆਨਕ ਰੂਪ ਆਤਮ-ਹੱਤਿਆ ਨੂੰ ਦਸਦਿਆਂ ਨਾਵਲ ਦੀ ਕਥਾ ਸਿਰਜਣਾ ਕੀਤੀ। ਆਤਮ-ਹੱਤਿਆ ਸਮਾਜ ਲਈ ਸਭ ਤੋਂ ਵੱਡਾ ਕੋਹੜ ਹੈ। ਇਹ ਅੱਜ ਅਤਿ ਭਿਆਨਕ ਰੂਪ ਵਿਚ ਸਮਾਜ ਦਾ ਹਿੱਸਾ ਬਣ ਰਿਹਾ ਹੈ।

- ਨਾਵਲ ਮੁਕਤੀ ਦੀ ਕਥਾ ਸਿਰਜਦਾ ਹੈ। ਪਾਤਰ ਆਪਣੀ ਸਿਰਜੀ ਸੀਮਾ ਤੋਂ ਮੁਕਤ ਹੋਣਾ ਲੋਚਦੇ ਹਨ। ਮੋਹ, ਆਰਥਿਕ ਤੰਗੀ, ਨਿਰਾਸ਼ਾ, ਦੁੱਖ, ਪੀੜਾ ਤੋਂ ਮੁਕਤੀ ਦੀ ਆਸ ਵਿਚ ਪਾਤਰ ਵਿਸ਼ਵਾਸ,ਕਰਮ,ਧਰਮ,ਰੀਤ ਰਾਹੀਂ ਆਤਮਿਕ ਤ੍ਰਿਪਤੀ ਦਾ ਮਾਰਗ ਭਾਲਦੇ ਹਨ।

- ਇਸ ਨਾਵਲ ਵਿਚ ਔਰਤ ਦੇ ਭਿੰਨ ਭਿੰਨ ਰੂਪ ਪੇਸ਼ ਹੋਏ ਹਨ। ਭੈਣ,ਮਾਂ,ਪਤਨੀ,ਪੁੱਤਰੀ ਦੇ ਰੂਪ ਵਿਚ ਔਰਤ ਦਾ ਵਿਹਾਰ ਤੇ ਕਰਤੱਵ ਬਦਲ ਜਾਂਦਾ ਹੈ। ਸਮਾਜਿਕ ਰਿਸ਼ਤਿਆਂ ਵਿਚ ਔਰਤ ਕਈ ਕਿਰਦਾਰ

ਨਿਭਾਉਂਦੀ ਹੋਈ ਵਿਹਾਰ ਵੀ ਨਿਰੰਤਰ ਬਦਲਦੀ ਹੈ। ਇਹ ਨਿਰੰਤਰ ਬਦਲਦਾ ਵਿਹਾਰ ਉਸ ਲਈ ਸੰਕਟ ਪੈਦਾ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਨਿਰਭੈ ਸਿੰਘ, ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ'ਚ ਯੋਗਦਾਨ, ਪਬਲੀਕੇਸ਼ਨ ਬਿਊਰੋ, ਪਟਿਆਲਾ, 1998, ਪੰਨਾ-11
2. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ੋਪ, 2004, ਪੰਨਾ-31
3. ਗੁਰਮੀਤ ਸਿੰਘ ਬੈਦਵਾਣ, ਨਾਵਲ ਬੋਲ ਮਰਦਾਨਿਆ: ਅੰਤਰ ਮਨ ਦੀ ਯਾਤਰਾ ਦਾ ਦਾਰਸ਼ਨਿਕ ਸੰਵਾਦ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2018, ਪੰਨਾ-24
4. ਡਾ. ਕੁਲਦੀਪ ਸਿੰਘ, ਦਲੀਪ ਕੌਰ ਟਿਵਾਣਾ ਜੀਵਨ ਤੇ ਰਚਨਾ, ਭਾਸ਼ਾ ਵਿਭਾਗ, ਪੰਜਾਬ, 2003, ਪੰਨਾ-105
5. ਦਲੀਪ ਕੌਰ ਟਿਵਾਣਾ, ਕਥਾ ਕਹੋ ਉਰਵਸ਼ੀ, ਨਵਯੁਗ ਪਬਲਿਸ਼ਰਜ਼, ਦਿੱਲੀ, 1999, ਪੰਨਾ-562
6. ਉਹੀ , ਪੰਨਾ-6
7. ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ-19



***Cite this Article-***

*ਡਾ. ਸੰਦੀਪ ਕੌਰ (Dr. Sandeep Kaur), 'ਕਥਾ ਕਹੋ ਉਰਵਸ਼ੀ' ਨਾਵਲ ਵਿਚਲੇ ਦਾਰਸ਼ਨਿਕ ਸਰੋਕਾਰਾਂ ਦਾ ਸਮਾਜ ਸਭਿਆਚਾਰਕ ਪਰਿਪੇਖ ('KATHA KAHO URVASHI' NAVAL VICHLE DARSHNIK SAROKARAN DA SAMAJ SBHIYACHAR PRIPEKH), ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 54-60.*

***Journal URL:*** *www.armaan.org.in*

***DOI:*** ***https://doi.org/10.64119/armaan.vol.3.issue2.10***



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*